**Director**
**(College Development)**

**IKG Punjab Technical University**
**Kapurthala Road, Jalandhar**

*Ref. No.: PTU / DCD /* 2665 *Dated:* 15/7/16

ਡਾਇਰੈਕਟਰ/ਪ੍ਰਿੰਸੀਪਲ
ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਨਾਲ ਮਾਨਤਾ ਪ੍ਰਾਪਤ ਕਾਲਜ

ਵਿਸ਼ਾ:- ਸੈਸ਼ਨ 2016-17 ਲਈ ਨਵੇਂ ਕਾਲਜ/ਨਵੇਂ ਕੋਰਸ/ਸੀਟਾਂ ਵਿਚ ਵਾਧੇ ਸਬੰਧੀ ਇੰਸਪੈਕਸ਼ਨ ਉਪਰੰਤ ਕਾਲਜਾਂ ਵੱਲੋਂ ਮੁਕੰਮਲ **Compliance** ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸੈਸ਼ਨ 2016-17 ਲਈ ਕਾਲਜਾਂ ਵੱਲੋਂ ਨਵੇਂ ਕਾਲਜ/ਨਵੇਂ ਕੋਰਸ/ਸੀਟਾਂ ਵਿਚ ਵਾਧੇ ਸਬੰਧੀ ਆਨਲਾਈਨ ਅਪਲਾਈ ਕੀਤਾ ਗਿਆ ਸੀ, ਕਾਲਜਾਂ ਦੀ Presentation ਕਮੇਟੀ ਦੁਆਰਾ ਸੀਟਾਂ Recommend ਕਰਨ ਉਪਰੰਤ ਸਬੰਧਤ ਕਾਲਜਾਂ ਦੀ ਇੰਸਪੈਕਸ਼ਨ ਕੀਤੀਆ ਜਾ ਚੁਕੀਆ ਹਨ, ਜਿਸ ਉਪਰੰਤ ਯੂਨੀਵਰਸਿਟੀ ਵੱਲੋਂ ਕਾਲਜਾਂ ਨੂੰ ਇੰਸਪੈਕਸ਼ਨ ਕਮੇਟੀ ਦੁਆਰਾ Observations/Recommendations ਸਬੰਧੀ ਪੱਤਰ ਰਾਹੀ ਜਾਣੂ ਕਰਵਾ ਕੇ Compliance ਭੇਜਣ ਲਈ ਲਿਖਿਆ ਗਿਆ ਹੈ।

ਕਾਲਜਾਂ ਵੱਲੋਂ ਜੋ Compliance ਜਮਾਂ ਕਰਵਾਈ ਜਾ ਰਹੀ ਹੈ, ਉਹ ਮੁਕੰਮਲ ਨਹੀਂ ਹੈ ਜਾਂ ਉਹਨਾਂ ਨਾਲ ਦਸਤਾਵੇਜ਼ੀ ਸਬੂਤ ਨੱਥੀ ਨਹੀਂ ਕੀਤੇ ਗਏ ਹਨ, ਜਿਸ ਦੇ ਅਧਾਰ ਤੇ ਕਾਲਜਾਂ ਨੂੰ Approval ਜਾਰੀ ਨਹੀਂ ਹੋ ਸਕਦੀ ਹੈ। ਇਸ ਲਈ ਸਬੰਧਤ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ Compliance ਜਮਾਂ ਕਰਵਾਉਂਦੇ ਸਮੇਂ ਲਿਖੇ ਦਸਤਾਵੇਜਾ ਦਾ ਵੀ ਧਿਆਨ ਰੱਖਣ:-

1. ਕਾਲਜਾਂ ਦੁਆਰਾ ਫੈਕਲਟੀ ਦੀ ਨਿਯੁਕਤੀ University Nominee ਦੀ ਹਾਜ਼ਰੀ ਵਿਚ ਯਕੀਨੀ ਬਣਾਈ ਜਾਵੇ।
2. ਨਵੇਂ ਕੋਰਸਾਂ/ਕੋਰਸਾਂ ਵਿਚ ਸੀਟਾ ਦੇ ਵਾਧੇ ਸਬੰਧੀ ਜਮਾਂ ਕਰਵਾਈ Provisional Affiliation Fee ਦੀ ਰਸੀਦ ਨੂੰ ਨੱਥੀ ਕੀਤਾ ਜਾਵੇ।
3. Compliance ਦੇ ਨਾਲ ਦਸਤਾਵੇਜੀ ਸਬੂਤ(ਜਿਵੇਂ ਕਿ ਬਿੱਲ, ਸਟਾਕ ਰਜਿਸਟਰਾਰ ਦੀ ਕਾਪੀ ਆਦਿ ) ਨੱਥੀ ਕੀਤੇ ਗਏ ਹਨ।
4. ਯੂਨੀਵਰਸਿਟੀ ਨਿਯਮਾਂ ਅਨੁਸਾਰ ਹੋਰ ਲੋੜੀਂਦੇ ਦਸਤਾਵੇਜ਼ ਨੱਥੀ ਕੀਤੇ ਜਾਣ।

ਜੇਕਰ ਸਬੰਧਤ ਕਾਲਜ ਦੁਆਰਾ ਬਿਨਾਂ ਦਸਤਾਵੇਜ਼ੀ ਸਬੂਤ ਦੇ Compliance ਜਮਾਂ ਕਰਵਾਈ ਜਾਂਦੀ ਹੈ ਤਾਂ ਅਜਿਹੇ ਕਾਲਜ ਦਾ ਨਵੇਂ ਕਾਲਜ/ਨਵੇਂ ਕੋਰਸ/ਸੀਟਾਂ ਵਿਚ ਵਾਧੇ ਸਬੰਧੀ ਫਾਇਲ ਨੂੰ process ਨਹੀਂ ਕੀਤਾ ਜਾ ਸਕਦਾ ਹੈ।

ਇਸ ਲਈ ਸਬੰਧਤ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨਾ ਕਾਲਜਾਂ ਵੱਲੋਂ ਅਜੇ ਤੱਕ ਫਾਇਲ ਜਮਾਂ ਨਹੀਂ ਕਰਵਾਈ ਗਈ ਹੈ ਜਾਂ ਅਧੂਰੀ ਫਾਇਲ ਜਮਾਂ ਕਰਵਾਈ ਗਈ ਹੈ, ਉਹਨਾ ਤੁਰੰਤ Compliance ਜਮਾਂ ਕਰਵਾਉਣ ਲਈ ਆਖਰੀ ਮੌਕਾ ਦਿੱਤਾ ਜਾਂਦਾ ਹੈ ਤਾਂ ਕਿ ਅਗਲੇਰੀ ਕਾਰਵਾਈ ਕੀਤੀ ਜਾ ਸਕਦੇ। ਜੇਕਰ ਕੋਈ ਕਾਲਜ ਤੁਰੰਤ ਫਾਇਲ ਜਮਾਂ ਨਹੀਂ ਕਰਵਾਉਂਦਾ ਹੈ ਤਾਂ ਸਬੰਧਤ ਕਾਲਜ ਨੂੰ ਸੈਸ਼ਨ 2016-17 ਲਈ ਨਵੇਂ ਕੋਰਸ/ਸੀਟਾ ਵਿਚ ਵਾਧੇ ਅਨੁਸਾਰ ਵਿਦਿਆਰਥੀਆਂ ਦਾ ਦਾਖਲਾ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਆਦਰ ਸਹਿਤ

ਸਹਾਇਕ ਰਜਿਸਟਰਾਰ (ਕਾਲਜ ਵਿਕਾਸ)

ਇਸ ਦਾ ਇਕ ਉਤਾਰਾ :-

1. ਡੀਨ(ਅਕਾਦਮਿਕ)
2. ਡਾਇਰੈਕਟਰ(ਕਾਲਜ ਵਿਕਾਸ)